# ਪੰਜਾਬ ਸਟੇਟ ਮਿਡ-ਡੇ-ਮੀਲ ਸੁਸਾਇਟੀ

ਪੰਜਾਬ ਸਿੱਖਿਆ ਭਵਨ (ਪੀ.ਐਸ.ਈ.ਬੀ.) ਈ ਬਲਾਕ, ਪੰਜਵੀਂ ਮੰਜਿਲ,
ਅਜੀਤਗੜ੍ਹ (ਮੋਹਾਲੀ) ਪੰਜਾਬE-mail id:punjabmiddaymeal@gmail.com
ਫੋਨਨੰ.0172-5212307, 2210019 ਫੈਕਸ ਨੰ.0172-5212369

ਵੱਲ

ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ/ਐ.ਸਿ.)
**ਪੰਜਾਬ।**

ਮੀਮੋਨੰ.ਐਮ.ਡੀ.ਐਮ.ਐਸ./ਜੀ.ਐਮ./2020/ 980723
ਮਿਤੀ 06/11/2020

ਵਿਸ਼ਾ:- **ਸਾਲ 2020 ਡੀ-ਵਾਰਮਿੰਗ ਦਿਵਸ ਦੂਜਾ ਰਾਊਡ ਮਿਤੀ 10 ਨਵੰਬਰ 2020 ਅਤੇ ਮੋਪ-ਅੱਪ ਦਿਵਸ 17 ਨਵੰਬਰ 2020 ਮਨਾਉਣ ਬਾਰੇ।**

ਉਪਰੋਕਤ ਵਿਸ਼ੇ ਸਬੰਧੀ **ਡਾਇਰੈਕਟਰ, ਸਿਹਤ ਸੇਵਾਂਵਾ ਪਰਿਵਾਰ ਭਲਾਈ ਪੰਜਾਬ ਵੱਲੋਂ** ਆਪਣੇ ਪੱਤਰ ਨੰ. ਆਰ.ਕੇ.ਐਸ.ਕੇ/ਪੰ/2020/70 ਮਿਤੀ 05/11/2020 (ਨੱਥੀ) ਦੇ ਹਵਾਲੇ ਵਿੱਚ।

**ਡਾਇਰੈਕਟਰ, ਸਿਹਤ ਸੇਵਾਂਵਾ ਪਰਿਵਾਰ ਭਲਾਈ ਪੰਜਾਬ** ਦੇ ਦਿਸ਼ਾ ਨਿਰਦੇਸ਼ਾ ਅਨੁਸਾਰ **ਸਾਲ 2020 ਦਾ ਡੀ-ਵਾਰਮਿੰਗ ਦਿਵਸ ਦੂਜਾ ਰਾਊਡ ਮਿਤੀ 10 ਨਵੰਬਰ 2020 ਅਤੇ ਮੋਪ-ਅੱਪ ਦਿਵਸ 17 ਨਵੰਬਰ 2020** ਮਨਾਉਣ ਸਬੰਧੀ ਹੇਠ ਲਿਖਿਆਂ ਗਾਈਡਲਾਈਨਾਂ ਨੂੰ ਜਾਰੀ ਕੀਤੀਆਂ ਗਈਆਂ ਹਨ।

1. ਆਪ ਵੱਲੋਂ ਸਰਕਾਰੀ ਅਤੇ ਪ੍ਰਾਇਵੇਟ ਸਕੂਲ Wise ਬੱਚਿਆ ਦੀ ਸੂਚੀ ਸਬੰਧਤ ਆਸਾ ਵਰਕਰ ਨੂੰ ਦਿੱਤੀ ਜਾਵੇ ਤਾਂ ਜੋ ਉਸ ਲਿਸਟ ਅਨੁਸਾਰ ਏ.ਐਨ.ਐਮ./ਆਸਾ ਵਰਕਰ ਦੁਆਰਾ ਘਰ-ਘਰ ਜਾ ਕੇ ਵੱਧ ਤੋਂ ਵੱਧ ਬੱਚਿਆਂ ਨੂੰ ਐਲਬੈਂਡਾਜੋਲ ਦੀ ਸਿਰਪ/ਗੋਲੀ ਅਤੇ IFA ਦੀ ਗੋਲੀ ਦਿੱਤੀ ਜਾ ਸਕੇ।

2. 9ਵੀ ਤੋਂ 12ਵੀ ਜਮਾਤ ਦੇ ਸਾਰੇ ਵਿਦਿਆਰਥੀਆਂ ਨੂੰ ਸਬੰਧਤ ਸਕੂਲਾ ਦੇ ਨੋਡਲ ਟੀਚਰ ਦੁਆਰਾ ਐਲਬੈਂਡਾਜੋਲ ਦੀ ਗੋਲੀ ਦਿੱਤੀ ਜਾਵੇਗੀ।

3. ਐਲਬੈਂਡਾਜੋਲ ਸਿਰਪ ਦਿੱਤਾ ਜਾਵੇਗਾ ਅਤੇ 5 ਤੋਂ 19 ਸਾਲ ਤੱਕ ਬੱਚਿਆ ਨੂੰ ਐਲਬੈਂਡਾਜੋਲ ਦੀ ਗੋਲੀ ਦਿੱਤੀ ਜਾਵੇਗੀ।

4. ਸਰਕਾਰੀ ਸਕੂਲਾਂ ਵਿੱਚ ਪੜ੍ਹਦੇ ਪਹਿਲੀ ਤੋਂ ਪੰਜਵੀਂ ਤੱਕ ਦੇ ਬੱਚਿਆਂ ਨੂੰ IFA ਦੀ (Pink) ਗੋਲੀ (10 ਗੋਲੀਆਂ, ਹਫਤਾਵਾਰੀ ਇੱਕ ਗੋਲੀ ਦੇ ਹਿਸਾਬ ਨਾਲ) ਅਤੇ ਪੰਜਵੀਂ ਤੋਂ ਬਾਰਵੀਂ ਤੱਕ

ਬੱਚਿਆਂ ਨੂੰ IFA ਦੀ (Blue) ਗੋਲੀ (10 ਗੋਲੀਆਂ, ਹਫਤਾਵਾਰੀ ਇੱਕ ਗੋਲੀ ਦੇ ਹਿਸਾਬ ਨਾਲ) ਦਿੱਤੀ ਜਾਵੇਗੀ।

5. ਜਿਹੜੇ ਬੱਚੇ ਡੀ-ਵਾਰਮਿੰਗ ਦਿਵਸ ਵਾਲੇ ਦਿਨ ਐਲਬੈਂਡਾਜੋਲ ਦੀ ਗੋਲੀ ਖਾਣ ਤੋਂ ਰਹਿ ਗਏ ਹੋਣ ਉਨ੍ਹਾਂ ਨੂੰ ਮੋਪ-ਅੱਪ ਦਿਵਸ ਨੂੰ ਗੋਲੀ ਦਾ ਲਾਭ ਦਿਵਾਉਣ ਯਕੀਨ ਬਣਾਇਆ ਜਾਵੇ।

<u>ਨੋਟः- ਇਸ ਗੱਲ ਵੱਲ ਵਿਸੇਸ ਧਿਆਨ ਦਿੱਤਾ ਜਾਵੇ ਕਿ ਵਿਦਿਆਰਥੀਆਂ ਨੂੰ ਖਾਣਾ ਖਵਾਉਣ ਤੋਂ ਬਆਦ ਹੀ ਇਹ ਗੋਲੀ ਦਿੱਤੀ ਜਾਵੇ।</u>

ਅਸਿਸਟੈਂਟ ਪ੍ਰੋਜੈਕਟ ਡਾਇਰੈਕਟਰ

ਪਿੱ.ਅੰ. ਨੰ: ਐਮ.ਡੀ.ਐਮ.ਐਸ/ਜੀ.ਐਮ./2020/ 980795 ਮਿਤੀ 06/11/2020

ਉਪਰੋਕਤ ਦਾ ਉਤਾਰਾ ਡਾਇਰੈਕਟਰ, ਸਿਹਤ ਸੇਵਾਂਵਾ ਪਰਿਵਾਰ ਭਲਾਈ ਪੰਜਾਬ ਨੂੰ ਉਨ੍ਹਾਂ ਦੇ ਪੱਤਰ ਨੰ. ਆਰ.ਕੇ.ਐਸ.ਕੇ/ਪੰ/2020/70 ਮਿਤੀ 05/11/2020 ਦੇ ਹਵਾਲੇ ਵਿੱਚ ਸੂਚਨਾ ਹਿੱਤ ਭੇਜਿਆ ਜਾਂਦਾ ਹੈ।

ਜਨਰਲ ਮੈਨੇਜਰ

GOVERNMENT OF PUNJAB
DEPARTMENT OF HEALTH & FAMILY WELFARE
Parivar Kalyan Bhawan, Sector 34-A, Chandigarh

☎ No. 0172-5002189, 2600994, 2605595 Fax: 0172-5002189
NATIONAL HEALTH MISSION

ਨੈਸ਼ਨਲ ਹੈਲਥ ਮਿਸ਼ਨ ਪੰਜਾਬ

ਕੇਵਲ ਈਮੇਲ ਰਾਹੀ,
ਵੱਲ

ਸਮੂਹ ਸਿਵਲ ਸਰਜਨ,
ਪੰਜਾਬ ਰਾਜ।

**ਮੀਮੋਨੰ:ਆਰ.ਕੇ.ਐਸ.ਕੇ/ਪੰ:/2020/ 45-66** **ਮਿਤੀ:ਚੰਡੀਗੜ੍ਹ** 5/11/2020

ਵਿਸ਼ਾ :- **ਸਾਲ 2020 ਡੀ-ਵਾਰਮਿੰਗ ਦਿਵਸ ਦੂਜਾ ਰਾਊਂਡ ਮਿਤੀ 10 ਨਵੰਬਰ 2020 ਅਤੇ ਮੋਪ-ਅੱਪ ਦਿਵਸ 17 ਨਵੰਬਰ 2020 ਮਨਾਉਣ ਬਾਰੇ।**

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਆਪ ਨੂੰ ਲਿਖਿਆ ਜਾਂਦਾ ਹੈ ਕਿ ਹਰ ਸਾਲ ਸਕੂਲ ਅਤੇ ਆਂਗਣਵਾੜੀ ਕੇਂਦਰਾਂ ਨੂੰ ਪਲੇਟਫਾਰਮ ਬਣਾ ਕੇ ਡੀ-ਵਾਰਮਿੰਗ ਦਿਵਸ ਦਾ ਵੱਧ ਤੋਂ ਵੱਧ ਬੱਚਿਆ ਨੂੰ ਲਾਭ ਦਿਵਾਇਆ ਜਾਂਦਾ ਹੈ ਪਰੰਤੂ ਇਸ ਸਮੇਂ ਪੰਜਾਬ ਰਾਜ ਵਿੱਚ Covid-19 ਮਹਾਂਮਾਰੀ ਬਹੁਤ ਤੇਜੀ ਨਾਲ ਫੈਲ ਰਹੀ ਹੈ ਜਿਸ ਕਾਰਨ ਮਾਰਚ ਮਹੀਨੇ ਤੋਂ ਸਕੂਲ ਅਤੇ ਆਂਗਣਵਾੜੀ ਸਾਰੇ ਬੰਦ ਹਨ ਸਿਰਫ $9^{th}$ ਤੋਂ $12^{th}$ ਜਮਾਤ ਦੇ ਵਿਦਿਆਰਥੀਆਂ ਲਈ ਅਕਤੂਬਰ ਮਹੀਨੇ ਤੋਂ ਸਕੂਲ ਖੋਲ ਦਿੱਤੇ ਗਏ ਹਨ। ਇਸ ਲਈ ਆਂਗਣਵਾੜੀ ਅਤੇ ਸਕੂਲਾਂ ਨੂੰ ਹਰ ਬੱਚੇ ਲਈ ਪਲੇਟਫਾਰਮ ਬਣਾ ਕੇ ਡੀ ਵਾਰਮਿੰਗ ਦਿਵਸ ਦਾ ਲਾਭ ਬੱਚਿਆਂ ਤੱਕ ਪਹੁੰਚਾਉਣਾ ਮੁਸ਼ਕਿਲ ਹੈ। ਇਸ ਲਈ ਸਾਲ 2020 ਦੇ ਦੂਜਾ ਰਾਊਂਡ ਜੋ ਕਿ ਮਿਤੀ 10 ਨਵੰਬਰ 2020 ਅਤੇ ਮੋਪ-ਅੱਪ ਦਿਵਸ 17 ਨਵੰਬਰ 2020 ਨੂੰ ਮਨਾਇਆ ਜਾਣਾ ਹੈ ਉਸ ਸਬੰਧੀ ਹੇਠ ਲਿਖਿਆ ਗਾਈਡਲਾਈਨਾਂ ਨੂੰ ਫਾਲੋ ਕੀਤਾ ਜਾਵੇ।

1) ਨੈਸ਼ਨਲ ਡੀ ਵਾਰਮਿੰਗ ਦਿਵਸ ਤੇ ਸਿਹਤ ਵਿਭਾਗ, ਸਮਾਜਿਕ ਸੁਰੱਖਿਆ ਇਸਤਰੀ ਤੇ ਬਾਲ ਵਿਕਾਸ ਵਿਭਾਗ ਅਤੇ ਸਕੂਲ ਸਿੱਖਿਆ ਵਿਭਾਗ ਦੇ ਆਪਸੀ ਸਹਿਯੋਗ ਨਾਲ ਵੱਧ ਤੋਂ ਵੱਧ ਬੱਚਿਆਂ ਨੂੰ ਕਵਰ ਕੀਤਾ ਜਾਵੇ। ਇਸ ਲਈ ਸਮਾਜਿਕ ਸੁਰੱਖਿਆ ਇਸਤਰੀ ਤੇ ਬਾਲ ਵਿਕਾਸ ਵਿਭਾਗ ਅਤੇ ਸਕੂਲ ਸਿੱਖਿਆ ਵਿਭਾਗ ਦੁਆਰਾ ਬੱਚਿਆਂ ਦੀ actual ਲਿਸਟ ਆਸ਼ਾ ਵਰਕਰ ਨੂੰ ਮੁਹੱਈਆ ਕਰਵਾਈ ਜਾਵੇ ਤਾਂ ਜੋ ਉਸ ਲਿਸਟ ਅਨੁਸਾਰ ਏ.ਐਨ.ਐਮ./ ਆਸ਼ਾ ਵਰਕਰ ਦੁਆਰਾ ਘਰ-ਘਰ ਜਾ ਕੇ ਵੱਧ ਤੋਂ ਵੱਧ ਬੱਚਿਆਂ ਨੂੰ ਐਲਬੈਂਡਾਜੋਲ ਦੀ ਸਿਰਪ/ਗੋਲੀ ਅਤੇ IFA ਦੀ ਗੋਲੀ ਦਿੱਤੀ ਜਾ ਸਕੇ। ਜਿਸ ਲਈ -

ੳ) ਜਿਲ੍ਹਾ ਨੋਡਲ ਅਫਸਰ ਆਰ.ਕੇ.ਐਸ.ਕੇ/ਡੀ.ਆਈ.ਓ/ਸਕੂਲ ਹੈਲਥ ਮੈਡੀਕਲ ਅਫਸਰ ਹੇਠ ਐਲਬੈਂਡਾਜੋਲ ਅਤੇ IFA ਦੀ ਡਿਸਟਰੀਬਿਊਸ਼ਨ (ਸਪਲਾਈ) ਵਿੱਚ ਆਰ.ਬੀ.ਐਸ.ਕੇ ਕੁਆਰਡੀਨੇਟਰ ਅਤੇ ਮੋਬਾਇਲ ਹੈਲਥ ਟੀਮਾਂ ਪੂਰਾ ਸਹਿਯੋਗ ਕਰਨਗੇ।

ਅ) ਸਰਕਾਰੀ ਅਤੇ ਪ੍ਰਾਈਵੇਟ ਸਕੂਲਾ ਵਿੱਚ ਪੜ੍ਹਦੇ ਪਹਿਲੀ ਤੋਂ ਅੱਠਵੀਂ ਜਮਾਤ ਦੇ ਸਾਰੇ ਬੱਚਿਆ ਨੂੰ ਘਰ-ਘਰ ਜਾ ਕੇ ਏ.ਐਨ.ਐਮ/ ਆਸ਼ਾ ਵਰਕਰ ਦੁਆਰਾ ਅਤੇ $9^{th}$ ਤੋਂ $12^{th}$ ਜਮਾਤ ਦੇ ਵਿਦਿਆਰਥੀਆਂ ਨੂੰ ਸਕੂਲ ਵਿੱਚ ਸਕੂਲ ਨੋਡਲ ਟੀਚਰ ਦੁਆਰਾ ਐਲਬੈਂਡਾਜੋਲ ਦੀ ਗੋਲੀ ਦਿੱਤੀ ਜਾਵੇਗੀ। ਏ.ਐਨ.ਐਮ/ ਆਸ਼ਾ ਵਰਕਰ ਦੁਆਰਾ 1 ਸਾਲ ਤੋਂ 5 ਸਾਲ ਤੱਕ ਦੇ ਬੱਚਿਆ ਨੂੰ ਐਲਬੈਂਡਾਜੋਲ ਸਿਰਪ ਦਿੱਤਾ ਜਾਵੇਗਾ ਅਤੇ 5 ਤੋਂ 19 ਸਾਲ ਤੱਕ ਬੱਚਿਆਂ ਨੂੰ ਐਲਬੈਂਡਾਜੋਲ ਦੀ ਗੋਲੀ ਦਿੱਤੀ ਜਾਵੇਗੀ।ਛੋਟੇ ਬੱਚਿਆਂ 1 ਤੋਂ 2 ਸਾਲ ਦੀ ਉਮਰ ਵਾਲਿਆਂ ਨੂੰ 5 ml ਅਤੇ 2 ਤੋਂ 5 ਸਾਲ ਤੱਕ ਦੇ ਬੱਚਿਆਂ ਨੂੰ 10 ml ਐਲਬੈਂਡਾਜੋਲ ਸਿਰਪ ਦਿੱਤਾ ਜਾਵੇਗਾ।